ਨੰ : 10/12(90) 88-5 ਸਿਹਤ 5/66

ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ 5 ਸ਼ਾਖਾ)

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ, ਮੰਡਲਾਂ ਦੇ ਕਮਿਸ਼ਨਰਜ਼,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਸਮੂਹ ਡਿਪਟੀ ਕਮਿਸ਼ਨਰਜ਼, ਜ਼ਿਲ੍ਹਾ ਅਤੇ ਸੈਸ਼ਨ ਜੱਜ,
ਸਮੂਹ ਸਿਵਲ ਸਰਜਨ,ਪ੍ਰਿੰਸੀਪਲ ਮੈਡੀਕਲ ਕਾਲਜਿਜ਼,
ਪਟਿਆਲਾ, ਫਰੀਦਕੋਟ ਅਤੇ ਅੰਮ੍ਰਿਤਸਰ ।

ਮਿਤੀ, ਚੰਡੀਗੜ੍ਹ 1 ਜਨਵਰੀ, 1991

ਵਿਸ਼ਾ :- ਰਾਜ ਸਰਕਾਰ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਲੋਂ ਮੈਡੀਕਲ ਖ਼ਰਚੇ ਦੀ ਪ੍ਰਤੀ ਪੂਰਤੀ ਦੇ ਬਿਲਾਂ ਤੇ ਸੀਮਾਂ ਨਿਸ਼ਚਿਤ ਕਰਨ ਬਾਰੇ ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਰਾਜ ਸਰਕਾਰ ਦੇ ਗਸ਼ਤੀ ਪੱਤਰ ਨੰ: 10/1 (90)88-5ਸਿਹਤ-5/30042, ਮਿਤੀ 29 ਨਵੰਬਰ, 1990 ਦੀ ਲਗਾਤਾਰਤਾ ਵਿੱਚ ਲੰਮੇ ਅਰਸੇ ਤਕ ਦੇ ਇਲਾਜ ਵਾਲੀਆਂ (ਕਰੋਨਿਕ) ਬੀਮਾਰੀਆਂ ਦੀ ਸੂਚੀ ਪ੍ਰਕਾਸ਼ਤ ਕਰਨ ਦੀ ਹਦਾਇਤ ਹੋਈ ਹੈ, ਇਨ੍ਹਾਂ ਬੀਮਾਰੀਆਂ ਦੀ ਸੂਚੀ ਦੋ ਭਾਗਾਂ ਵਿੱਚ ਨੱਥੀ ਕੀਤੀ ਜਾਂਦੀ ਹੈ । ਪਹਿਲੇ ਭਾਗ ਦੀਆਂ ਬੀਮਾਰੀਆਂ ਉਹ ਹਨ, ਜਿਹੜੀਆਂ ਲੰਮੇ ਅਰਸੇ ਦੇ ਇਲਾਜ ਵਾਲੀਆਂ ਹਨ, ਪਰ ਇਨ੍ਹਾਂ ਦਾ ਇਲਾਜ ਬਿਨਾਂ ਹਸਪਤਾਲ ਦਾਖਲ ਹੋਏ ਬਤੌਰ ਆਊਟ ਡੋਰ ਮਰੀਜ਼ ਚਾਲੂ ਰਖਿਆ ਜਾ ਸਕਦਾ ਹੈ । ਦੂਜੇ ਭਾਗ ਦੀਆਂ ਬੀਮਾਰੀਆਂ ਦੀ ਕਿਸਮ ਵੀ ਲੰਮੇ ਸਮੇਂ ਦੇ ਇਲਾਜ ਦੀ ਹੈ, ਪਰ ਇਨ੍ਹਾਂ ਦੇ ਇਲਾਜ ਲਈ ਪਹਿਲਾਂ ਹਸਪਤਾਲ ਵ੍ਹਿੱਚ ਦਾਖਲ ਹੋਣਾ ਪੈਂਦਾ ਹੈ ਅਤੇ ਉਸ ਉਪਰੰਤ ਡਾਕਟਰ ਦੀ ਸਲਾਹ ਅਨੁਸਾਰ ਇਲਾਜ ਬਤੌਰ ਆਊਟ ਡੋਰ ਮਰੀਜ਼ ਜਾਰੀ ਰਖਿਆ ਜਾ ਸਕਦਾ ਹੈ । ਬੀਮਾਰੀਆਂ ਦੀ ਇਹ ਲਿਸਟ ਸਰਕਾਰ ਵਲੋਂ ਸਮੇਂ ਸਮੇਂ ਜ਼ਰੂਰਤ ਮੁਤਾਬਿਕ ਸੋਧੀ ਜਾ ਸਕਦੀ ਹੈ ।

2. ਉਪਰੋਕਤ ਪੈਰ੍ਹੇ ਵਿੱਚ ਦਰਸਾਈਆਂ ਬੀਮਾਰੀਆਂ ਵਿੱਚੋਂ ਕਿਸੇ ਵੀ ਬੀਮਾਰੀ ਦਾ ਆਊਟ ਡੋਰ ਮਰੀਜ਼ ਵਜੋਂ ਇਲਾਜ ਕਰਾਉਣ ਸਬੰਧੀ ਰਾਜ ਸਰਕਾਰ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਾਸਤੇ ਮੈਡੀਕਲ ਖ਼ਰਚੇ ਦੀ ਪ੍ਰਤੀ ਪੂਰਤੀ ਉਤੇ ਕੋਈ ਸੀਮਾ ਲਾਗੂ ਨਹੀਂ ਹੋਵੇਗੀ । ਪਰ ਇਹ ਛੋਟ ਉਨ੍ਹਾਂ ਮੁਲਾਜ਼ਮਾਂ/ਪੈਨਸ਼ਨਰਾਂ ਵਾਸਤੇ ਹੀ ਹੈ ਜਿਹੜੇ ਖੁਲ੍ਹੀ ਮੈਡੀਕਲ ਖ਼ਰਚੇ ਦੀ ਪ੍ਰਤੀ ਪੂਰਤੀ ਲੈਂਦੇ ਹਨ । ਫਿਕਸਡ ਮੈਡੀਕਲ ਭੱਤਾ ਲੈਣ ਵਾਲੇ ਮੁਲਾਜ਼ਮਾਂ/ਪੈਨਸ਼ਨਰਾਂ ਵਾਸਤੇ ਇਹ ਛੋਟ ਲਾਗੂ ਨਹੀਂ ਹੋਵੇਗੀ ।

3. ਇਨ੍ਹਾਂ ਬੀਮਾਰੀਆਂ ਵਿੱਚੋਂ ਕਿਸੇ ਵੀ ਬੀਮਾਰੀ ਦਾ ਸ਼ਿਕਾਰ ਹੋਣ ਸਬੰਧੀ ਸਰਟੀਫਿਕੇਟ ਐਲੋਪੈਥੀ ਦੇ ਅਥੋਰਾਈਜ਼ਡ ਮੈਡੀਕਲ ਅਟੈਂਡੈਂਟ ਪਾਸੋਂ ਲਿਆ ਜਾਵੇਗਾ । ਅਜਿਹਾ ਸਰਟੀਫਿਕੇਟ ਲੈਣ ਤੋਂ ਬਾਅਦ ਅਜਿਹੀ ਬੀਮਾਰੀ ਦਾ